# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 13:40

**ਮਿਤੀ : 17-10-2026**

- ਕੇਂਦਰੀ ਗ੍ਰਿਹ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ, ਦੋ ਕਤਲ ਮਾਮਲਿਆਂ ਅਤੇ ਇੱਕ ਵਿਅਕਤੀ ਦੀ ਖੁਦਕੁਸ਼ੀ ਬਾਰੇ ਵੇਰਵੇ ਸਮੇਤ ਰਿਪੋਰਟ ਮੰਗੀ ਏ।
- ਕੇਂਦਰ ਸਰਕਾਰ ਨੇ 'ਪੀ.ਐਮ ਕੇਅਰਜ਼ ਫਾਰ ਚਿਲਡਰਨ' ਯੋਜਨਾ ਤਹਿਤ ਆਧਾਰ ਪ੍ਰਮਾਣੀਕਰਨ ਲਾਜ਼ਮੀ ਕੀਤਾ।
- ਪ੍ਰਧਾਨ ਮੰਤਰੀ ਆਵਾਸ ਯੋਜਨਾ-ਸ਼ਹਿਰੀ ਦੇ ਦੂਜੇ ਗੇੜ ਤਹਿਤ, ਇਕ ਲਖ 93 ਹਜ਼ਾਰ ਤੋਂ ਵੱਧ ਨਵੇਂ ਘਰਾਂ ਨੂੰ ਮਨਜ਼ੂਰੀ ਦਿੱਤੀ ਗਈ।
- ਚੋਣ ਕਮਿਸ਼ਨ ਨੇ ਕਿਹਾ -ਵਿਸ਼ੇਸ਼ ਸੰਖੇਪ ਸੋਧ ਤਹਿਤ ਖਰੜਾ ਵੋਟਰ ਸੂਚੀਆਂ, ਇਸ ਸਾਲ 12 ਨਵੰਬਰ ਨੂੰ ਪ੍ਰਕਾਸ਼ਿਤ ਕੀਤੀਆਂ ਜਾਣਗੀਆਂI

ਅਤੇ

- -ਮਰਦਾਂ ਦੇ ਕ੍ਰਿਕੇਟ ਵਿੱਚ, ਭਾਰਤ ਅਤੇ ਵੈਸਟਇੰਡੀਜ਼ ਵਿਚਕਾਰ 5ਵਾਂ ਅਤੇ ਆਖਰੀ 20-20 ਅੰਤਰ-ਰਾਸ਼ਟਰੀ ਮੈਚ ਅੱਜ ਬੈਂਗਲੁਰੂ ਵਿੱਚ ਸ਼ਾਮ 7 ਵਜੇ ਖੇਡਿਆ ਜਾਵੇਗਾ ।

---------------------------------------------------------------------

ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਦੋ ਕਤਲ ਮਾਮਲਿਆਂ ਅਤੇ ਇੱਕ ਵਿਅਕਤੀ ਦੀ ਖੁਦਕੁਸ਼ੀ ਬਾਰੇ ਵੇਰਵੇ ਸਮੇਤ ਰਿਪੋਰਟ ਮੰਗੀ ਏ । ਸੂਬੇ ਵਿੱਚ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਇਲਜ਼ਾਮਾਂ ਅਤੇ ਕਾਨੂੰਨ ਵਿਵਸਥਾ 'ਤੇ ਉਨ੍ਹਾਂ ਦੇ ਸੰਭਾਵੀ ਪ੍ਰਭਾਵ ਬਾਰੇ ਚਿੰਤਾ ਬਣੀ ਹੋਈ ਏ । ਸੂਤਰਾਂ ਅਨੁਸਾਰ, ਮੰਤਰਾਲੇ ਨੇ ਇਸ ਸਬੰਧ ਵਿੱਚ ਰਾਜ ਸਰਕਾਰ ਨੂੰ ਤਿੰਨ ਵੱਖ-ਵੱਖ ਪੱਤਰ ਲਿਖੇ ਹਨ। ਵੇਰਵੇ ਨਾਲ ਇਕ ਰਿਪੋਰਟ :RNU171026 VC

*ਗ੍ਰਹਿ ਮੰਤਰਾਲੇ ਨੇ ਪੰਜਾਬ ਸਰਕਾਰ ਤੋਂ ਮਾਨਸਾ ਜ਼ਿਲ੍ਹੇ ਵਿੱਚ ਨਸ਼ਿਆਂ ਵਿਰੋਧੀ ਮੁਹਿੰਮ ਦੇ ਆਗੂ ਪਰਵਿੰਦਰ ਸਿੰਘ ਝੋਟਾ ਦੇ ਇੱਕ ਕੈਮਿਸਟ ਵੱਲੋਂ ਹਾਲ ਹੀ ਵਿੱਚ ਕੀਤੇ ਕਤਲ ਬਾਰੇ ਤੱਥਾਂ ਸਮੇਤ ਅਤੇ ਵਿਸਥਾਰ ਚ ਰਿਪੋਰਟ ਮੰਗੀ ਏ । ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਇੱਕ ਪਿੰਡ ਵਿੱਚ ਨਸ਼ੀਲੇ ਪਦਾਰਥਾਂ ਦੀ ਵਿਕਰੀ ਪ੍ਰਤੀ ਵਿਰੋਧ ਕਰਨ ਵਾਲੇ ਤਿੰਨ ਵਿਅਕਤੀਆਂ 'ਤੇ ਹਮਲੇ ਅਤੇ ਸੰਗਰੂਰ ਜ਼ਿਲ੍ਹੇ ਵਿੱਚ ਨਸ਼ੀਲੇ ਪਦਾਰਥਾਂ ਦੀ ਲਤ ਨਾਲ ਜੂਝ ਰਹੇ ਇੱਕ ਨੌਜਵਾਨ ਦੇ ਪਿਤਾ ਦੀ ਖੁਦਕੁਸ਼ੀ ਨਾਲ ਜੁੜੇ ਮਾਮਲਿਆਂ ਵਿੱਚ ਵੀ ਰਿਪੋਰਟਾਂ ਮੰਗੀਆਂ ਗਈਆਂ ਹਨ। ਇਹ ਇਲਜ਼ਾਮ ਲਗਾਇਆ ਗਿਆ ਇਕਿ ਵਿਅਕਤੀ ਨੂੰ ਸਥਾਨਕ*

*ਪਿੰਡ ਦੀ ਪੰਚਾਇਤ ਵਲੋਂ ਯੋਜਨਾਬੱਧ ਢੰਗ ਨਾਲ ਪਰੇਸ਼ਾਨੀ ਅਤੇ ਦਬਾਅ ਦਾ ਸਾਹਮਣਾ ਕਰਨਾ ਪਿਆ, ਜਿਸ ਕਾਰਨ ਉਸਨੇ ਖੁਦਖੁਸ਼ੀ ਕਰ ਲਈ । ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਸਰਹੱਦੀ ਰਾਜ ਵਿੱਚ ਕਾਨੂੰਨ ਵਿਵਸਥਾ ਦੇ ਸੰਭਾਵੀ ਪ੍ਰਭਾਵਾਂ ਦੇ ਮੱਦੇਨਜ਼ਰ ਇੱਕ ਵਿਸਥਾਰ ਚ ਰਿਪੋਰਟ ਸਾਂਝੀ ਕਰਨ ਲਈ ਕਿਹਾ ਏ । ਗ੍ਰਹਿ ਮੰਤਰਾਲੇ ਨੇ ਕੇਂਦਰੀ ਗ੍ਰਹਿ ਮੰਤਰੀ ਦੇ ਨਸ਼ਿਆਂ ਨੂੰ ਰੋਕਣ ਬਾਰੇ ਦ੍ਰਿਸ਼ਟੀਕੋਣ 2026-29 'ਤੇ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਕਾਰਵਾਈ ਬਾਰੇ ਵੀ ਜਾਣਕਾਰੀ ਮੰਗੀ ਏ । ਵਿਜ਼ਨ ਦਸਤਾਵੇਜ਼ ਇਸ ਸਾਲ 10 ਅਗਸਤ ਨੂੰ ਮੁੱਖ ਮੰਤਰੀ ਭਗਵੰਤ ਮਾਨ ਨਾਲ ਸਾਂਝਾ ਕੀਤਾ ਗਿਆ ਸੀ।*

*ਰਾਜੇਸ਼ ਬਾਲੀ/ਆਕਾਸ਼ਵਾਣੀ ਨਿਊਜ਼/ਜਲੰਧਰ*

---

ਕੇਂਦਰ ਸਰਕਾਰ ਨੇ ਪੀ.ਐਮ ਕੇਅਰਜ਼ ਫਾਰ ਚਿਲਡਰਨ ਯੋਜਨਾ ਤਹਿਤ ਵਿਸ਼ੇਸ਼ ਵਜੀਫਾ ਲਾਭ ਪ੍ਰਾਪਤ ਕਰਨ ਲਈ ਆਧਾਰ ਪ੍ਰਮਾਣੀਕਰਨ ਜਾਂ ਆਧਾਰ ਨੰਬਰ ਦਾ ਸਬੂਤ ਦੇਣਾ ਲਾਜ਼ਮੀ ਕਰ ਦਿੱਤਾ ਏ । ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਨੇ ਇਸ ਸਬੰਧ ਵਿੱਚ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਏ । ਇਹ ਯੋਜਨਾ ਪਹਿਲੀ ਤੋਂ 12ਵੀਂ ਜਮਾਤ ਤੱਕ ਸਿੱਖਿਆ ਜਾਰੀ ਰੱਖਣ ਲਈ ਸਹਾਇਤਾ ਪ੍ਰਦਾਨ ਕਰਦੀ ਹੈ। ਹਾਲਾਂਕਿ, ਨੋਟੀਫਿਕੇਸ਼ਨ ਸਪੱਸ਼ਟ ਕਰਦਾ ਏ ਕਿ ਕਿਸੇ ਵੀ ਬੱਚੇ ਨੂੰ ਆਧਾਰ ਪ੍ਰਮਾਣੀਕਰਨ ਪ੍ਰਦਾਨ ਕਰਨ ਵਿੱਚ ਅਸਫਲ ਰਹਿਣ ਜਾਂ ਆਧਾਰ ਨੰਬਰ ਜਾਰੀ ਨਾ ਕਰਨ ਕਾਰਨ ਸਹਾਇਤਾ ਤੋਂ ਇਨਕਾਰ ਨਹੀਂ ਕੀਤਾ ਜਾਵੇਗਾ। ਅਜਿਹੇ ਮਾਮਲਿਆਂ ਵਿੱਚ, ਨਿਰਧਾਰਤ ਦਸਤਾਵੇਜ਼ਾਂ

ਰਾਹੀਂ ਬੱਚੇ ਦੀ ਪਛਾਣ ਅਤੇ ਉਸਦੇ ਮਾਤਾ-ਪਿਤਾ ਜਾਂ ਕਾਨੂੰਨੀ ਸਰਪ੍ਰਸਤ ਨਾਲ ਸਬੰਧਾਂ ਦੀ ਪੁਸ਼ਟੀ ਕਰਨ ਤੋਂ ਬਾਅਦ ਲਾਭ ਪ੍ਰਦਾਨ ਕੀਤੇ ਜਾਣਗੇ।

-----------------------------------------------------------------------

ਪ੍ਰਧਾਨ ਮੰਤਰੀ ਆਵਾਸ ਯੋਜਨਾ-ਸ਼ਹਿਰੀ ਦੇ ਦੂਜੇ ਗੇੜ ਤਹਿਤ ਇਕ ਲਖ 93 ਹਜ਼ਾਰ ਤੋਂ ਵੱਧ ਨਵੇਂ ਘਰਾਂ ਨੂੰ ਮਨਜ਼ੂਰੀ ਦਿੱਤੀ ਗਈ ਏ । ਇਸ ਦੇ ਨਾਲ, ਯੋਜਨਾ ਤਹਿਤ ਮਨਜ਼ੂਰ ਕੀਤੇ ਗਏ ਘਰਾਂ ਦੀ ਕੁੱਲ ਗਿਣਤੀ 20 ਲੱਖ ਤੋਂ ਵੱਧ ਹੋ ਗਈ ਏ । ਕੇਂਦਰੀ ਆਵਾਸ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਨੇ ਕੱਲ੍ਹ ਨਵੀਂ ਦਿੱਲੀ ਵਿੱਚ ਕਮੇਟੀ ਦੀ 10ਵੀਂ ਮੀਟਿੰਗ ਤੋਂ ਬਾਅਦ ਇਹ ਐਲਾਨ ਕੀਤਾ। ਮੀਟਿੰਗ ਦੀ ਪ੍ਰਧਾਨਗੀ ਸ਼ਹਿਰੀ ਵਿਕਾਸ ਵਿਭਾਗ ਦੇ ਸਕੱਤਰ ਸਤੇਂਦਰ ਸਿੰਘ ਨੇ ਕੀਤੀ। ਮੰਤਰਾਲੇ ਮੁਤਾਬਿਕ , ਇਨ੍ਹਾਂ ਘਰਾਂ ਨੂੰ ਆਂਧਰਾ ਪ੍ਰਦੇਸ਼, ਬਿਹਾਰ, ਛੱਤੀਸਗੜ੍ਹ, ਗੁਜਰਾਤ, ਕਰਨਾਟਕ, ਮਿਜ਼ੋਰਮ, ਓਡੀਸ਼ਾ, ਸਿੱਕਮ, ਤੇਲੰਗਾਨਾ, ਉੱਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ ਵਿੱਚ ਮਨਜ਼ੂਰੀ ਦਿੱਤੀ ਗਈ ਏ । ਇਨ੍ਹਾਂ ਨਾਲ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਯੋਗ ਸ਼ਹਿਰੀ ਪਰਿਵਾਰਾਂ ਨੂੰ ਲਾਭ ਹੋਵੇਗਾ। ਸਤੇਂਦਰ ਸਿੰਘ ਨੇ ਕੇਂਦਰ ਸਰਕਾਰ, ਰਾਜਾਂ, ਕੇਂਦਰ ਸ਼ਾਸਤ ਪ੍ਰਦੇਸ਼ਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਵਿਚਕਾਰ ਬਿਹਤਰ ਤਾਲਮੇਲ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਤਾਂ ਜੋ ਰਿਹਾਇਸ਼ ਤਜਵੀਜ਼ਾਂ ਦੀ ਸਮੇਂ ਸਿਰ ਪ੍ਰਵਾਨਗੀ ਅਤੇ ਯੋਜਨਾ ਨੂੰ ਤੇਜ਼ੀ

ਨਾਲ ਲਾਗੂ ਕੀਤਾ ਜਾ ਸਕੇ।

---------------------------------------------------------------------------

ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਅਤੇ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ-ABVP ਨੂੰ ਓਡੀਸ਼ਾ ਵਿਦਿਆਰਥੀ ਜਥੇਬੰਦੀ ਚੋਣਾਂ ਜਿੱਤਣ 'ਤੇ ਵਧਾਈ ਦਿੱਤੀ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਗ੍ਰਿਹ ਮੰਤਰੀ ਨੇ ਕਿਹਾ ਕਿ ਪੰਜਾਬ, ਦਿੱਲੀ ਅਤੇ ਹੁਣ ਓਡੀਸ਼ਾ ਦੀਆਂ 13 ਯੂਨੀਵਰਸਿਟੀਆਂ ਵਿੱਚ ਏਬੀਵੀਪੀ ਦੀ ਜਿੱਤ ਇੱਕ ਸਪੱਸ਼ਟ ਸੰਦੇਸ਼ ਦਿੰਦੀ ਏ ਕਿ ਦੇਸ਼ ਦਾ ਨੌਜਵਾਨ "ਰਾਸ਼ਟਰ ਪਹਿਲਾਂ" ਦੀ ਵਿਚਾਰਧਾਰਾ ਨਾਲ ਮਜ਼ਬੂਤੀ ਨਾਲ ਖੜ੍ਹਾ ਏ । ਉਨ੍ਹਾਂ ਕਿਹਾ ਕਿ ਇਹ ਜਿੱਤ ਰਾਸ਼ਟਰ ਵਿਰੋਧੀ ਤਾਕਤਾਂ ਖਿਲਾਫ ਨੌਜਵਾਨਾਂ ਵੱਲੋਂ ਇੱਕ ਸਖ਼ਤ ਪ੍ਰਤੀਕਿਰਿਆ ਏ ।

---------------------------------------------------------------------------

ਚੋਣ ਕਮਿਸ਼ਨ ਨੇ ਕਿਹਾ ਏ ਕਿ ਵਿਸ਼ੇਸ਼ ਸੰਖੇਪ ਸੋਧ-SSR ਤਹਿਤ ਖਰੜਾ ਵੋਟਰ ਸੂਚੀਆਂ ਇਸ ਸਾਲ 12 ਨਵੰਬਰ ਨੂੰ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ, ਜਦੋਂ ਕਿ ਅੰਤਿਮ ਸੂਚੀਆਂ ਅਗਲੇ ਸਾਲ 4 ਜਨਵਰੀ ਨੂੰ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। ਇੱਕ ਬਿਆਨ ਵਿੱਚ ਕਮਿਸ਼ਨ ਨੇ ਕਿਹਾ ਕਿ ਯੋਗ ਨਾਗਰਿਕ ਅਗਲੇ ਮਹੀਨੇ ਦੀ 12 ਤਰੀਕ ਤੋਂ 11 ਦਸੰਬਰ ਤੱਕ ਇਤਰਾਜ਼ ਅਤੇ ਦਾਅਵੇ ਦਰਜ ਕਰ ਸਕਦੇ ਹਨ। ਇਸ ਵਿੱਚ ਕਿਹਾ

ਗਿਆ ਏ  ਕਿ 1 ਅਪ੍ਰੈਲ 2027, 1 ਜੁਲਾਈ 2027 ਜਾਂ 1 ਅਕਤੂਬਰ 2027 ਨੂੰ 18 ਸਾਲ ਦੇ ਹੋਣ ਵਾਲੇ ਨੌਜਵਾਨ ਨਾਗਰਿਕ ਰਜਿਸਟਰੇਸ਼ਨ ਲਈ ਪਹਿਲਾਂ ਤੋਂ ਅਰਜ਼ੀ ਦੇ ਸਕਦੇ ਨੇ । ਵੋਟਰਾਂ, ਖਾਸ ਕਰਕੇ ਪ੍ਰਵਾਸੀਆਂ, ਕਮਜ਼ੋਰ ਅਤੇ ਹਾਸ਼ੀਏ 'ਤੇ ਗਏ ਲੋਕਾਂ ਦੇ ਨਾਮਾਂਕਣ ਦੀ ਸਹੂਲਤ ਲਈ ਜ਼ਿਲ੍ਹਾ ਪੱਧਰ 'ਤੇ ਹੈਲਪ ਡੈਸਕ ਸਥਾਪਤ ਕੀਤੇ ਜਾਣਗੇ।

--------------------------------------------------------------------------------

ਮਾਲਦੀਵ ਨੇ ਮੁਦਰਾ ਅਦਲਾ ਬਦਲੀ ਸਹੂਲਤ ਦੇ ਤਹਿਤ  3 ਹਜ਼ਾਰ ਕਰੋੜ ਦੀ ਪਹਿਲੀ ਕਿਸ਼ਤ ਲਈ ਮੁੜ ਅਦਾਇਗੀ ਦੀ ਮਿਆਦ ਵਧਾਉਣ ਲਈ ਭਾਰਤ ਦਾ ਧੰਨਵਾਦ ਕੀਤਾ ਏ । ਮਾਲਦੀਵ ਨੇ ਕਿਹਾ ਕਿ ਇਸ ਨਾਲ ਦੋਵਾਂ ਦੇਸ਼ਾਂ ਵਿਚਕਾਰ ਦੋਸਤੀ ਹੋਰ ਮਜ਼ਬੂਤ ਹੋਵੇਗੀ। ਮਾਲਦੀਵ ਦੇ ਵਿਦੇਸ਼ ਮੰਤਰੀ ਇਰੂਥੀ-ਸ਼ਾਮ ਆਦਮ ਨੇ ਇਸ ਫੈਸਲੇ ਲਈ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਅਤੇ ਭਾਰਤ ਸਰਕਾਰ ਦਾ ਧੰਨਵਾਦ ਕੀਤਾ। ਕੱਲ੍ਹ, ਭਾਰਤ ਨੇ ਮਾਲਦੀਵ ਸਰਕਾਰ ਦੀ ਬੇਨਤੀ 'ਤੇ  3,000 ਕਰੋੜ ਦੀ ਮੁਦਰਾ ਅਦਲਾ ਬਦਲੀ ਸਹੂਲਤ ਦੇ ਵਿਸਥਾਰ ਨੂੰ ਮਨਜ਼ੂਰੀ ਦੇ ਦਿੱਤੀ। ਇਹ ਫੈਸਲਾ ਭਾਰਤ ਦੀ 'ਗੁਆਂਢੀ ਪਹਿਲਾਂ ' ਨੀਤੀ ਅਤੇ ਮਾਲਦੀਵ ਨਾਲ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਵਚਨਬੱਧਤਾ ਦੇ ਅਨੁਸਾਰ ਏ । ਇਹ ਸਹੂਲਤ ਅਕਤੂਬਰ 2024 ਵਿੱਚ ਮਾਲਦੀਵ ਦੇ ਰਾਸ਼ਟਰਪਤੀ ਮੁਹੰਮਦ ਮੁਈਜ਼ੂ ਦੀ ਭਾਰਤ ਫੇਰੀ ਦੌਰਾਨ ਹੋਏ ਸਮਝੌਤੇ ਦੇ ਤਹਿਤ ਵਧਾਈ ਗਈ

ਸੀ। 3,000 ਕਰੋੜ ਦੀ ਮੁਦਰਾ ਅਦਲਾ ਬਦਲੀ ਸਹੂਲਤ ਦੀ ਪਹਿਲੀ ਕਿਸ਼ਤ ਇਸ ਸਾਲ 23 ਅਪ੍ਰੈਲ ਨੂੰ ਮਾਲਦੀਵ ਸਰਕਾਰ ਨੂੰ ਜਾਰੀ ਕੀਤੀ ਗਈ ਸੀ। ਇਹ ਪ੍ਰਬੰਧ ਮਾਲਦੀਵ ਨੂੰ ਲੋੜ ਦੇ ਸਮੇਂ ਭਾਰਤੀ ਰੁਪਏ ਤੱਕ ਪਹੁੰਚ ਕਰਨ ਦੀ ਇਜਾਜ਼ਤ ਦਿੰਦਾ ਏ , ਜਿਸ ਨਾਲ ਦੇਸ਼ ਵਿੱਚ ਤਰਲਤਾ ਅਤੇ ਵਿੱਤੀ ਸਥਿਰਤਾ ਬਣਾਈ ਰੱਖਣ ਵਿੱਚ ਮਦਦ ਮਿਲੇਗੀ।

---------------------------------------------------------------------------

ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਨੂੰ ਛਾਤੀ ਦੀ ਇਨਫੈਕਸ਼ਨ ਕਾਰਨ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਏ। ਉਨ੍ਹਾਂ ਦੀ ਹਾਲਤ ਸਥਿਰ ਏ। ਡਾਕਟਰ ਉਨ੍ਹਾਂ ਦੀ ਸਿਹਤ 'ਤੇ ਨੇੜਿਓਂ ਨਜ਼ਰ ਰੱਖ ਰਹੇ ਨੇ।

---------------------------------------------------------------------------

ਅੱਜ ਗਰੀਬੀ ਦੇ ਖਾਤਮੇ ਲਈ ਆਲਮੀ ਦਿਹਾੜਾ ਮਨਾਇਆ ਜਾ ਰਿਹਾ ਏ। ਇਸਦਾ ਉਦੇਸ਼ ਗਰੀਬੀ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਗਰੀਬਾਂ ਅਤੇ ਲੋੜਵੰਦਾਂ ਲਈ ਇੱਕ ਬਿਹਤਰ ਜੀਵਨ ਪ੍ਰਦਾਨ ਕਰਨ ਲਈ ਯਤਨਸ਼ੀਲ ਹੋਣਾ ਏ। 17 ਅਕਤੂਬਰ, 1987 ਨੂੰ, ਫਰਾਂਸ ਦੀ ਰਾਜਧਾਨੀ ਪੈਰਿਸ ਵਿੱਚ ਗਰੀਬੀ, ਭੁੱਖਮਰੀ ਅਤੇ ਹਿੰਸਾ ਤੋਂ ਪੀੜਤ ਲੋਕਾਂ ਨੂੰ ਸ਼ਰਧਾਂਜਲੀ ਦੇਣ ਲਈ ਇਕ ਲੱਖ ਤੋਂ ਵੱਧ ਲੋਕ ਇਕੱਠੇ ਹੋਏ। ਉਨ੍ਹਾਂ ਕਿਹਾ ਕਿ ਗਰੀਬੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਏ ਅਤੇ ਹਰ

ਵਿਅਕਤੀ ਨੂੰ ਸਨਮਾਨ ਨਾਲ ਜੀਣ ਦਾ ਅਧਿਕਾਰ ਹੋਣਾ ਚਾਹੀਦਾ ਏ। ਇਸ ਤੋਂ ਬਾਅਦ, ਇਹ ਦਿਨ ਹਰ ਸਾਲ 17 ਅਕਤੂਬਰ ਨੂੰ ਮਨਾਇਆ ਜਾਣ ਲੱਗਾ। 22 ਦਸੰਬਰ, 1992 ਨੂੰ, ਸੰਯੁਕਤ ਰਾਸ਼ਟਰ ਮਹਾਸਭਾ ਨੇ 17 ਅਕਤੂਬਰ ਨੂੰ ਗਰੀਬੀ ਦੇ ਖਾਤਮੇ ਲਈ ਅੰਤਰਰਾਸ਼ਟਰੀ ਦਿਵਸ ਵਜੋਂ ਐਲਾਨਿਆ। ਇਸ ਦਿਨ ਦਾ ਉਦੇਸ਼ ਗਰੀਬਾਂ ਨੂੰ ਸਿੱਖਿਆ, ਸਿਹਤ, ਰੁਜ਼ਗਾਰ ਅਤੇ ਬਰਾਬਰ ਮੌਕੇ ਪ੍ਰਦਾਨ ਕਰਨ ਬਾਰੇ ਜਾਗਰੂਕਤਾ ਪੈਦਾ ਕਰਨਾ ਏ। ਇਸਦਾ ਸੰਦੇਸ਼ ਏ ਕਿ ਇੱਕ ਬਿਹਤਰ ਅਤੇ ਬਰਾਬਰ ਸਮਾਜ ਬਣਾਉਣ ਲਈ ਗਰੀਬੀ ਨੂੰ ਖਤਮ ਕਰਨਾ ਅਤੇ ਹਰੇਕ ਵਿਅਕਤੀ ਦਾ ਸਤਿਕਾਰ ਕਰਨਾ ਜ਼ਰੂਰੀ ਏ।

---------------------------------------------------------------------------

ਨਵੀਂ ਦਿੱਲੀ ਦੇ ਵਪਾਰੀਆਂ ਅਤੇ ਮਾਰਕੀਟ ਵਰਕਰਾਂ ਨੇ ਰਾਸ਼ਟਰੀ ਰਾਜਧਾਨੀ ਵਿੱਚ ਚੱਲ ਰਹੇ ਵਿਰੋਧ ਪ੍ਰਦਰਸ਼ਨਾਂ ਕਾਰਨ ਕਾਰੋਬਾਰ ਵਿੱਚ ਹੋਏ ਨੁਕਸਾਨ 'ਤੇ ਚਿੰਤਾ ਪ੍ਰਗਟ ਕੀਤੀ ਏ। ਦਿੱਲੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਵਪਾਰ ਸੰਘ ਦੇ ਉਪ ਪ੍ਰਧਾਨ ਰਾਹੁਲ ਅਦਲਖਾ ਨੇ ਕਿਹਾ, ਪਿਛਲੇ ਹਫ਼ਤੇ ਹੋਏ ਪ੍ਰਦਰਸ਼ਨਾਂ ਨੇ ਦਿੱਲੀ ਦੇ ਵਪਾਰੀਆਂ ਨੂੰ ਵੱਡਾ ਨੁਕਸਾਨ ਪਹੁੰਚਾਇਆ। ਉਨ੍ਹਾਂ ਕਿਹਾ ਕਿ ਵਪਾਰੀ ਸਾਰਾ ਸਾਲ ਤਿੰਨ ਮਹੀਨਿਆਂ ਦੇ ਤਿਉਹਾਰਾਂ ਦੇ ਸੀਜ਼ਨ ਦੀ ਉਡੀਕ ਕਰਦੇ ਹਨ, ਜਦੋਂ ਵਿਕਰੀ ਸਿਖਰ 'ਤੇ ਹੁੰਦੀ ਏ ਪਰ ਇਹ ਪ੍ਰਦਰਸ਼ਨ

ਇਸ ਮਹੱਤਵਪੂਰਨ ਸਮੇਂ ਦੌਰਾਨ ਕਾਰੋਬਾਰਾਂ ਨੂੰ ਨੁਕਸਾਨ ਪਹੁੰਚਾ ਰਹੇ ਹਨ।

BYTE

----------------------------------------------------------------

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਅਤੇ ਚੀਨ ਨੂੰ ਰਾਹਤ ਦਿੰਦੇ ਹੋਏ, ਰੂਸ ਤੋਂ ਤੇਲ ਅਤੇ ਗੈਸ ਖਰੀਦਣ ਵਾਲੇ ਦੇਸ਼ਾਂ 'ਤੇ ਲਗਾਏ ਗਏ ਕੁਝ ਵਾਧੂ ਟੈਰਿਫਾਂ ਅਤੇ ਪਾਬੰਦੀਆਂ ਵਿਚ ਛੋਟ ਦਿਤੀ ਏ । ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਇਹ ਫੈਸਲਾ ਅਮਰੀਕਾ ਦੇ ਰਾਸ਼ਟਰੀ ਹਿੱਤ ਵਿੱਚ ਲਿਆ ਗਿਆ ਸੀ। ਉਨ੍ਹਾਂ ਨੇ 18 ਸਤੰਬਰ ਨੂੰ ਇਸ ਕਾਨੂੰਨ 'ਤੇ ਦਸਤਖਤ ਕੀਤੇ। ਇਸ ਕਾਨੂੰਨ ਨੇ ਰੂਸ ਤੋਂ ਤੇਲ ਅਤੇ ਗੈਸ ਖਰੀਦਣ ਵਾਲੇ ਪ੍ਰਮੁੱਖ ਦੇਸ਼ਾਂ 'ਤੇ 100 ਫੀਸਦੀ ਤੱਕ ਦੇ ਵਾਧੂ ਟੈਰਿਫਾਂ ਦੀ ਵਿਵਸਥਾ ਕੀਤੀ ਸੀ। ਇਸ ਤੋਂ ਇਲਾਵਾ, ਰੂਸ ਤੋਂ ਦਰਾਮਦ ਕੀਤੇ ਗਏ ਸਮਾਨ 'ਤੇ 500 ਫੀਸਦੀ ਤੱਕ ਦੇ ਟੈਰਿਫ ਲਗਾਏ ਜਾ ਸਕਦੇ ਸਨ। ਹਾਲਾਂਕਿ, ਸ੍ਰੀ ਟਰੰਪ ਨੇ ਇਸ ਸਮੇਂ ਕੁਝ ਟੈਰਿਫ ਲਗਾਉਣ ਤੋਂ ਛੋਟ ਦਿਤੀ ਏ । ਇਹ ਛੋਟ ਉਦੋਂ ਤੱਕ ਲਾਗੂ ਰਹੇਗੀ ਜਦੋਂ ਤੱਕ ਰਾਸ਼ਟਰਪਤੀ ਜਾਂ ਵਿਦੇਸ਼ ਮੰਤਰੀ ਅਗਲੀ ਕਾਰਵਾਈ ਦਾ ਫੈਸਲਾ ਨਹੀਂ ਲੈਂਦੇ। ਇਸ ਦੌਰਾਨ, ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦਾ ਵੀ ਭਾਰਤ ਆਉਣ ਦਾ ਪ੍ਰੋਗਰਾਮ ਏ । ਉਨ੍ਹਾਂ ਦੇ 20 ਅਕਤੂਬਰ ਨੂੰ ਮੁੰਬਈ ਵਿੱਚ ਵਿਦੇਸ਼ ਮੰਤਰੀ

ਡਾ. ਐਸ. ਜੈਸ਼ੰਕਰ ਨਾਲ ਮੁਲਾਕਾਤ ਕਰਨ ਦੀ ਉਮੀਦ ਏ । ਉਨ੍ਹਾਂ ਦੇ ਗੁਜਰਾਤ ਵਿੱਚ ਜਾਮਨਗਰ ਰਿਫਾਇਨਰੀ ਕੰਪਲੈਕਸ ਦਾ ਵੀ ਦੌਰਾ ਕਰਨ ਦੀ ਉਮੀਦ ਏ । ਇਹ ਫੈਸਲਾ ਰੂਸ ਅਤੇ ਅਮਰੀਕਾ ਵਿਚਕਾਰ ਡੀਜ਼ਲ ਸਪਲਾਈ ਸਮਝੌਤੇ ਦੀਆਂ ਰਿਪੋਰਟਾਂ ਦੇ ਵਿਚਕਾਰ ਆਇਆ ਏ ।

---------------------------------------------------------------------

ਮਰਦਾਂ ਦੇ ਕ੍ਰਿਕੇਟ ਵਿੱਚ, ਭਾਰਤ ਅਤੇ ਵੈਸਟਇੰਡੀਜ਼ ਵਿਚਕਾਰ ਪੰਜਵਾਂ ਅਤੇ ਆਖਰੀ 20-20 ਅੰਤਰ-ਰਾਸ਼ਟਰੀ ਮੈਚ ਅੱਜ ਬੈਂਗਲੁਰੂ ਦੇ ਐਮ. ਚਿੰਨਾਸਵਾਮੀ ਸਟੇਡੀਅਮ ਵਿੱਚ ਖੇਡਿਆ ਜਾਵੇਗਾ। ਇਹ ਮੈਚ ਸ਼ਾਮ 7 ਵਜੇ ਸ਼ੁਰੂ ਹੋਵੇਗਾ। ਪੰਜ ਮੈਚਾਂ ਦੀ ਲੜੀ ਫਿਲਹਾਲ 2-2 ਨਾਲ ਬਰਾਬਰ 'ਤੇ ਏ। ਸ਼੍ਰੇਅਸ ਅਈਅਰ ਦੀ ਕਪਤਾਨੀ ਵਾਲੀ ਭਾਰਤੀ ਟੀਮ ਵਿੱਚ, ਤੇਜ਼ ਗੇਂਦਬਾਜ਼ ਭੁਵਨੇਸ਼ਵਰ ਕੁਮਾਰ ਨੂੰ ਸ਼ਾਮਲ ਕੀਤਾ ਗਿਆ ਏ, ਜਦਕਿ ਜਸਪ੍ਰੀਤ ਬੁਮਰਾਹ ਨੂੰ ਆਰਾਮ ਦਿੱਤਾ ਗਿਆ ਏ।

---------------------------------------------------------------------

- ਕੇਂਦਰੀ ਗ੍ਰਿਹ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ, ਦੋ ਕਤਲ ਮਾਮਲਿਆਂ ਅਤੇ ਇੱਕ ਵਿਅਕਤੀ ਦੀ ਖੁਦਕੁਸ਼ੀ ਬਾਰੇ ਵੇਰਵੇ ਸਮੇਤ ਰਿਪੋਰਟ ਮੰਗੀ ਏ ।
- ਕੇਂਦਰ ਸਰਕਾਰ ਨੇ 'ਪੀ.ਐਮ ਕੇਅਰਜ਼ ਫਾਰ ਚਿਲਡਰਨ' ਯੋਜਨਾ ਤਹਿਤ ਆਧਾਰ ਪ੍ਰਮਾਣੀਕਰਨ ਲਾਜ਼ਮੀ ਕੀਤਾ ।

- ਪ੍ਰਧਾਨ ਮੰਤਰੀ ਆਵਾਸ ਯੋਜਨਾ-ਸ਼ਹਿਰੀ ਦੇ ਦੂਜੇ ਗੇੜ ਤਹਿਤ, ਇਕ ਲਖ 93 ਹਜ਼ਾਰ ਤੋਂ ਵੱਧ ਨਵੇਂ ਘਰਾਂ ਨੂੰ ਮਨਜ਼ੂਰੀ ਦਿੱਤੀ ਗਈ।
- ਚੋਣ ਕਮਿਸ਼ਨ ਨੇ ਕਿਹਾ -ਵਿਸ਼ੇਸ਼ ਸੰਖੇਪ ਸੋਧ ਤਹਿਤ ਖਰੜਾ ਵੋਟਰ ਸੂਚੀਆਂ, ਇਸ ਸਾਲ 12 ਨਵੰਬਰ ਨੂੰ ਪ੍ਰਕਾਸ਼ਿਤ ਕੀਤੀਆਂ ਜਾਣਗੀਆਂI
- -ਮਰਦਾਂ ਦੇ ਕ੍ਰਿਕੇਟ ਵਿੱਚ, ਭਾਰਤ ਅਤੇ ਵੈਸਟਇੰਡੀਜ਼ ਵਿਚਕਾਰ 5ਵਾਂ ਅਤੇ ਆਖਰੀ 20-20 ਅੰਤਰ-ਰਾਸ਼ਟਰੀ ਮੈਚ ਅੱਜ ਬੈਂਗਲੂਰੂ ਵਿੱਚ ਸ਼ਾਮ 7 ਵਜੇ ਖੇਡਿਆ ਜਾਵੇਗਾ।

**ਇਸਦੇ ਨਾਲ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗ 6.20**

**ਨਮਸਕਾਰ**